# ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ

ਰਜਿ ਦਫਤਰ: ਦੀ ਮਾਲ, ਪਟਿਆਲਾ - 147001
ਟੈਲੀਫੋਨ ਨੰ: 0175-2213042,ਈਮੇਲ: se-personnel@pspcl.in
ਦਫਤਰ: ਉਪ ਮੁੱਖ ਇੰਜੀਨੀਅਰ/ਪਰਸੋਨਲ,ਪੀਐਸਪੀਸੀਐਲ,ਪਟਿ.
ਅਮਲਾ ਅਗਜ਼ਟੀ-1, ਈਮੇਲ dy-secy-eng1@pspcl.in
(ਕਾਰਪੋਰੇਟ ਆਈ.ਡੀ ਨੰ: U40109PB2010SGC033813 ਵੈਬਸਾਈਟ: www.pspcl.in)

ਦਫਤਰੀ ਹੁਕਮ ਨੰ. 425 /ਈਐਨਜੀ-1/ਏ-16156 ਮਿਤੀ: 28-8-18

ਮੂੰਹ ਬੋਲਦੇ ਹੁਕਮ

ਜਿਵੇ ਕਿ ਸ੍ਰੀ ਨਵਦੀਪ ਢੀਂਡਸਾ/ਜੇ.ਈ ਆਈ.ਡੀ. ਨੰ:304020 (ਡਿਊਟੀ ਤੋ ਗੈਰਹਾਜ਼ਰ) ਪੁੱਤਰ ਸ੍ਰੀ ਹਰਮਿੰਦਰ ਸਿੰਘ ਜਿਸਨੂੰ ਸੰਯੁਕਤ ਸਕੱਤਰ/ਪਰਸੋਨਲ,ਪੀਐਸਪੀਸੀਐਲ ਪਟਿਆਲਾ ਦੇ ਦਫਤਰ ਤੋ ਮਿਤੀ:03.12.16 ਤੋ ਲਗਾਤਾਰ ਗੈਰ ਹਾਜ਼ਰ ਰਹਿਣ ਕਰਕੇ ਇਸ ਦਫਤਰ ਵੱਲੋ ਦੋਸ਼ ਸੂਚੀ ਨੰ:14 ਮਿਤੀ: 06.06.17 ਹੇਠ ਲਿਖੀਆ ਕੁਤਾਹੀਆਂ/ਅਣਗਹਿਲੀਆ ਕਾਰਨ ਜ਼ਾਰੀ ਕੀਤੀ ਗਈ :-

ਜਦੋਂ ਤੁਸੀਂ (ਸ੍ਰੀ ਨਵਦੀਪ ਸਿੰਘ ਢੀਂਡਸਾ/ਜੇਈ ਆਈ.ਡੀ. ਨੰ:304020) ਦਫ਼ਤਰ ਸੰਯੁਕਤ ਸਕੱਤਰ/ਪ੍ਰਸੋਨਲ ਪੰ.ਰਾ.ਪਾ.ਕਾ.ਲਿਮ. ਅਧੀਨ ਕੇਡਰ ਭਾਗ-2 ਵਿਖੇ ਤੈਨਾਤ ਸੀ ਤਾਂ ਤੁਹਾਡੇ (ਸ੍ਰੀ ਨਵਦੀਪ ਸਿੰਘ ਢੀਂਡਸਾ/ ਜੇਈ ਆਈ.ਡੀ. ਨੰ:304020) ਵੱਲੋਂ ਹੇਠ ਲਿਖੇ ਅਨੁਸਾਰ ਗਲਤੀਆਂ /ਕੁਤਾਹੀਆਂ/ਬੇਨਿਯਮੀਆਂ ਕੀਤੀਆਂ ਗਈਆਂ:-

ਤੁਸੀਂ (ਸ੍ਰੀ ਨਵਦੀਪ ਸਿੰਘ ਢੀਂਡਸਾ/ਜੇਈ) ਕੇਡਰ ਭਾਗ-2 ਵਿਖੇ ਆਪਣੀ ਤੈਨਾਤੀ ਦੌਰਾਨ ਮਿਤੀ 06-12-2016 ਨੂੰ ਕਿਸੇ ਪ੍ਰਾਈਵੇਟ ਵਿਅਕਤੀ ਦੇ ਹੱਥ ਦਸਤੀ ਆਪਣਾ ਮੈਡੀਕਲ ਛੁੱਟੀ ਸਮਾਂ 05-12-16 ਤੋਂ 16-12-16 (12 ਦਿਨ) ਸਮੇਤ ਅਗੇਤਰ 3,4,-12-16 ਅਤੇ ਪਿਛੇਤਰ 17, 18-12-16 ਤੱਕ ਦਾ ਬਿਨੈ ਪੱਤਰ ਨਿਰਧਾਰਿਤ ਪ੍ਰੋਫਾਰਮੇ ਤੇ ਸਮੇਤ BALLIAN HOSPITAL & HEART CENTRE, Sangrur Road, Near Bye Pass, DHURI ਦੁਆਰਾ ਜਾਰੀ ਮੈਡੀਕਲ ਰਿਪੋਰਟ ਦਫ਼ਤਰ ਸੰਯੁਕਤ ਸਕੱਤਰ/ਪ੍ਰਸੋਨਲ (ਕੇਡਰ ਭਾਗ-2), ਪੀ.ਐਸ.ਪੀ.ਸੀ.ਐਲ., ਪਟਿਆਲਾ ਵਿਖੇ ਭੇਜਿਆ। ਜਿਸ ਮੁਤਾਬਿਕ ਤੁਸੀਂ (ਸ੍ਰੀ ਨਵਦੀਪ ਸਿੰਘ ਢੀਂਡਸਾ/ਜੇਈ ਆਈ.ਡੀ. ਨੰ:304020) ਆਪਣੀ ਡਿਊਟੀ ਤੇ ਮਿਤੀ 19-12-2016 ਨੂੰ ਹਾਜ਼ਰ ਹੋਣਾ ਸੀ।

ਪਰੰਤੂ ਤੁਸੀਂ ਆਪਣੀ ਡਿਊਟੀ ਤੇ ਹਾਜ਼ਰ ਹੋਣ ਦੀ ਬਜਾਏ ਘਰੋਂ ਹੀ ਇਕ ਸਾਧਾਰਣ ਪੇਪਰ ਤੇ ਬੇਨਤੀ ਪੱਤਰ ਸਮੇਤ " BALLIAN HOSPITAL & HEART CENTRE" Sangrur Road, Near Bye Pass, DHURI ਦੁਆਰਾ ਜਾਰੀ ਮੈਡੀਕਲ ਸਰਟੀਫਿਕੇਟ ਇਹ ਲਿਖਦੇ ਹੋਏ ਕਿ ਮੈਡੀਕਲ ਛੁੱਟੀ ਵਿੱਚ 30-12-2016 ਤੱਕ ਵਾਧਾ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ, ਕਿਸੇ ਪ੍ਰਾਈਵੇਟ ਵਿਅਕਤੀ ਦੇ ਹੱਥ ਦਸਤੀ ਦਫਤਰ ਸੰਯੁਕਤ ਸਕੱਤਰ/ਪ੍ਰਸੋਨਲ (ਕੇਡਰ ਭਾਗ-2), ਪੀ.ਐਸ.ਪੀ.ਸੀ.ਐਲ., ਪਟਿਆਲਾ ਵਿਖੇ ਭੇਜ ਦਿੱਤਾ।

ਉਕਤ ਮੁਤਾਬਿਕ ਤੁਸੀਂ (ਸ੍ਰੀ ਨਵਦੀਪ ਸਿੰਘ ਢੀਂਡਸਾ/ਜੇਈ ਆਈ.ਡੀ. ਨੰ:304020) ਮਿਤੀ 02-01-2017 ਨੂੰ ਆਪਣੀ ਡਿਊਟੀ ਤੇ ਹਾਜ਼ਰ ਹੋਣਾ ਸੀ, ਲੇਕਿਨ ਤੁਸੀਂ ਨਾਂ ਤਾਂ ਆਪਣੀ ਡਿਊਟੀ ਤੇ ਹਾਜ਼ਰ ਹੋਏ ਅਤੇ ਨਾ ਹੀ ਕੋਈ ਸੂਚਨਾ ਦਫਤਰ ਸੰਯੁਕਤ ਸਕੱਤਰ/ਪ੍ਰਸੋਨਲ (ਕੇਡਰ ਭਾਗ-2), ਪੀ.ਐਸ.ਪੀ.ਸੀ.ਐਲ., ਪਟਿਆਲਾ ਨੂੰ ਭੇਜੀ। ਜਿਸ ਕਰਕੇ ਦਫਤਰ ਸੰਯੁਕਤ ਸਕੱਤਰ/ਪ੍ਰਸੋਨਲ (ਕੇਡਰ ਭਾਗ-2), ਪੀ.ਐਸ.ਪੀ.ਸੀ.ਐਲ., ਪਟਿਆਲਾ ਦੁਆਰਾ ਰਜਿਸਟਰਡ ਪੱਤਰ ਨੰਬਰ 399 ਮਿਤੀ 03-1-2017 ਤੁਹਾਡੇ (ਸ੍ਰੀ ਨਵਦੀਪ ਸਿੰਘ ਢੀਂਡਸਾ/ ਜੇਈ ਆਈ.ਡੀ. ਨੰ:304020) ਛੁੱਟੀ ਦੇ ਬਿਨੈ ਪੱਤਰ ਉਪਰ ਦਰਸਾਏ ਘਰ ਦੇ ਪਤੇ "ਮਕਾਨ ਨੰ:8, ਵਾਰਡ ਨੰ:3 ਏ, ਨੇੜੇ ਵਿਸ਼ਵਕਰਮਾ ਮੰਦਿਰ ਧੂਰੀ" ਤੇ ਭੇਜਦੇ ਹੋਏ ਤੁਹਾਨੂੰ (ਸ੍ਰੀ ਨਵਦੀਪ ਸਿੰਘ ਢੀਂਡਸਾ /ਜੇਈ ਆਈ.ਡੀ. ਨੰ:304020) ਹਦਾਇਤ ਕੀਤੀ

ਕਿ " ਤੁਸੀਂ ਆਪਣੀ ਡਿਊਟੀ ਤੇ ਤੁਰੰਤ ਹਾਜ਼ਰ ਹੋਵੋ ਨਹੀਂ ਤਾਂ ਤੁਹਾਨੂੰ ਡਿਊਟੀ ਤੋਂ ਗੈਰ ਹਾਜ਼ਰ ਕਰਾਰ ਦਿੰਦੇ ਹੋਏ ਤੁ
ਵਿਰੁੱਧ ਅਨੁਸ਼ਾਸਨੀ ਕਾਰਵਾਈ ਅਰੰਭ ਦਿੱਤੀ ਜਾਵੇਗੀ। "

ਪਰੰਤੂ ਡਾਕ ਵਿਭਾਗ ਦੁਆਰਾ ਉਕਤ ਰਜਿਸਟਰ ਪੱਤਰ ਲਿਫਾਫੇ ਉਪਰ ਮਿਤੀਆਂ 07-1-17, 09-01-17,01-01-17,11-01-2017, 12-01-17 ਅਤੇ 13-01-17 ਦਰਜ ਕਰਦੇ ਹੋਏ ਲਿਖਿਆ ਗਿਆ ਕਿ " ਵਾਰ-2 ਜਾਣ ਤੇ ਮਿਲਾ ਨਹੀਂ ਵਾਪਿਸ ਜਾਵੇ।" ਇਸ ਤਰ੍ਹਾਂ ਇਹ ਰਜਿਸਟਰਡ ਲਿਫਾਫਾ ਵਿਭਾਗ ਨੂੰ ਵਾਪਿਸ ਆ ਗਿਆ।ਜਿਸ ਦੀ ਸੂਚਨਾ ਦਫ਼ਤਰ ਸੰਯੁਕਤ ਸਕੱਤਰ/ਪ੍ਰਸੋਨਲ (ਕੇਡਰ ਭਾਗ-2) ਪਟਿਆਲਾ ਦੁਆਰਾ ਆਪਣੇ ਦਫ਼ਤਰੀ ਪੱਤਰ ਨੰ: 15 ਮਿਤੀ 18-01-2017 ਰਾਹੀਂ ਉਪ ਸਕੱਤਰ/ਅਮਲਾ ਅਗਜ਼ਟੀ-1 ਪਟਿਆਲਾ ਨੂੰ ਭੇਜੀ ਗਈ।

ਇਸ ਤੋਂ ਬਾਅਦ ਫਿਰ ਦਫ਼ਤਰ ਸੰਯੁਕਤ ਸਕੱਤਰ/ਪ੍ਰਸੋਨਲ (ਕੇਡਰ-2), ਪੀ.ਐਸ.ਪੀ.ਸੀ.ਐਲ., ਪਟਿਆਲਾ ਦੁਆਰਾ ਰਜਿਸਟਰਡ ਪੱਤਰ ਨੰਬਰ 1698 ਮਿਤੀ 16-01-2017 ਤੁਹਾਡੇ (ਸ੍ਰੀ ਨਵਦੀਪ ਸਿੰਘ ਢੀਂਡਸਾ/ਜੇਈ ਆਈ.ਡੀ. ਨੰ:304020) ਉਕਤ ਦਰਸਾਏ ਘਰ ਦੇ ਪਤੇ ਤੇ ਭੇਜਦੇ ਹੋਏ ਤੁਹਾਨੂੰ (ਸ੍ਰੀ ਨਵਦੀਪ ਸਿੰਘ ਢੀਂਡਸਾ/ ਜੇਈ ਆਈ.ਡੀ. ਨੰ:304020) ਫਿਰ ਹਦਾਇਤ ਕੀਤੀ ਕਿ " ਤੁਸੀਂ ਆਪਣੀ ਡਿਊਟੀ ਤੇ ਤੁਰੰਤ ਹਾਜ਼ਰ ਹੋਵੋ ਅਤੇ ਹੁਣ ਤੱਕ ਡਿਊਟੀ ਤੇ ਹਾਜ਼ਰ ਨਾ ਹੋਣ ਸਬੰਧੀ ਆਪਣਾ ਸਪਸ਼ਟੀਕਰਨ ਵੀ ਪੱਤਰ ਦੀ ਪ੍ਰਾਪਤੀ ਦੇ ਤਿੰਨ ਦਿਨਾਂ ਦੇ ਅੰਦਰ-ਅੰਦਰ ਪੇਸ਼ ਕਰੋ, ਨਹੀਂ ਤਾਂ ਤੁਹਾਡੇ ਵਿਰੁੱਧ ਅਨੁਸ਼ਾਸਨੀ ਕਾਰਵਾਈ ਕਰਨ ਹਿੱਤ ਉੱਚ ਅਧਿਕਾਰੀਆਂ ਨੂੰ ਲਿਖ ਦਿੱਤਾ ਜਾਵੇਗਾ।"

ਪਰੰਤੂ ਡਾਕ ਵਿਭਾਗ ਦੁਆਰਾ ਉਕਤ ਰਜਿਸਟਰਡ ਪੱਤਰ ਦੇ ਲਿਫਾਫੇ ਉਪਰ ਮਿਤੀਆਂ 19-01-17, 20-01-17, 21-01-17, 22-01-17, 23-01-17, 24-01-17, 25-01-17, ਦਰਜ ਕਰਦੇ ਹੋਏ ਲਿਖਿਆ ਗਿਆ ਕਿ ਵਾਰ-2 ਜਾਣ ਤੇ ਮਿਲਾ ਨਹੀਂ ਵਾਪਿਸ ਜਾਵੇ।" ਇਸ ਤਰ੍ਹਾਂ ਇਹ ਰਜਿਸਟਰਡ ਲਿਫਾਫਾ ਵੀ ਵਿਭਾਗ ਨੂੰ ਵਾਪਿਸ ਆ ਗਿਆ।

ਸੰਯੁਕਤ ਸਕੱਤਰ/ਪ੍ਰਸੋਨਲ (ਕੇਡਰ ਭਾਗ-2) ਦੁਆਰਾ ਇਕ ਹੋਰ ਦਫ਼ਤਰੀ ਪੱਤਰ ਨੰਬਰ 8138 ਮਿਤੀ 07-02-2017 ਤੁਹਾਨੂੰ (ਸ੍ਰੀ ਨਵਦੀਪ ਸਿੰਘ ਢੀਂਡਸਾ/ਜੇਈ ਆਈ.ਡੀ. ਨੰ:304020) ਜਾਰੀ ਕੀਤਾ ਜੋ ਕਿ ਇਸ ਦਫ਼ਤਰ ਦ ਸੀਨੀਅਰ ਸਹਾਇਕ ਸ੍ਰੀ ਈਸ਼ਵਰ ਚੰਦ ਅਤੇ ਸਪੈਸ਼ਲ ਕੰਟੀਜੈਂਟ ਕਾਮਾ ਸ੍ਰੀ ਗੁਨੂੰ ਮੁੰਡਾ ਦੇ ਹੱਥ ਦਸਤੀ ਤੁਹਾਡੇ ਉਪਰੋਕਤ ਦਰਸਾਏ ਘਰੇਲੂ ਪਤੇ ਤੇ ਦੇਣ ਹਿੱਤ ਭੇਜਿਆ ਗਿਆ,ਇਸ ਕਾਮੇ ਨੇ ਮਿਤੀ 08-02-2017 ਨੂੰ ਦਫ਼ਤਰ ਆ ਕੇ ਦੱਸਿਆ ਕਿ ਤੁਸੀਂ (ਸ੍ਰੀ ਨਵਦੀਪ ਸਿੰਘ ਢੀਂਡਸਾ/ਜੇਈ) ਘਰ ਵਿੱਚ ਮੌਜੂਦ ਨਹੀਂ ਸੀ ਅਤੇ ਤੁਹਾਡਾ ਪਿਤਾ ਸ੍ਰੀ ਹਰਮਿੰਦਰ ਸਿੰਘ ਘਰ ਵਿੱਚ ਮੌਜੂਦ ਸੀ ਜਿਹਨਾਂ ਦੁਆਰਾ ਪੱਤਰ ਨੰਬਰ 8138 ਮਿਤੀ 07-02-2017 ਦਫ਼ਤਰੀ ਕਾਪੀ ਉਪਰ ਹੇਠ ਲਿਖੇ ਕਥਨ ਦਰਜ ਕਰਕੇ ਪ੍ਰਾਪਤ ਕੀਤਾ ਗਿਆ:-

"Under protest I have received. He is under treatment." (Harminder Singh)

ਉਕਤ ਸਬੰਧੀ ਸੂਚਨਾ ਵੀ ਸੰਯੁਕਤ ਸਕੱਤਰ/ਪ੍ਰਸੋਨਲ (ਕੇਡਰ ਭਾਗ-2) ਪਟਿਆਲਾ ਦੁਆਰਾ ਆਪਣੇ ਦਫ਼ਤਰੀ ਪੱਤਰ ਨੰਬਰ 26 ਮਿਤੀ 09-02-2017 ਰਾਹੀਂ ਉਪ ਸਕੱਤਰ/ਅਮਲਾ ਅਗਜ਼ਟੀ-1 ਪਟਿਆਲਾ ਨੂੰ ਭੇਜ ਦਿੱਤੀ ਗਈ।

ਇਸ ਉਪਰੰਤ ਦਫ਼ਤਰ ਸੰਯੁਕਤ ਸਕੱਤਰ/ਪ੍ਰਸੋਨਲ (ਕੇਡਰ ਭਾਗ-2) ਪਟਿਆਲਾ ਵਿਖੇ ਤੁਹਾਡਾ (ਸ੍ਰੀ ਨਵਦੀਪ ਸਿੰਘ ਢੀਂਡਸਾ/ਜੇਈ ਆਈ.ਡੀ. ਨੰ:304020) ਇਕ ਬਿਨੈ ਪੱਤਰ ਮਿਤੀ 13-02-2017 ਨੂੰ ਪ੍ਰਾਪਤ ਹੋਇਆ ਜਿਸ ਵਿੱਚ ਦਰਸਾਇਆ ਹੋਇਆ ਸੀ ਕਿ ਤੁਸੀਂ ਮਿਤੀ 30-12-2016 ਤੱਕ ਮੈਡੀਕਲ ਛੁੱਟੀ ਲਈ ਅਰਜ਼ੀ ਦੇ ਕੇ ਆਪਣੀ ਬਿਮਾਰੀ ਦਾ ਇਲਾਜ ਕਰਵਾ ਰਿਹਾ ਹਾਂ। ਬਿਮਾਰੀ ਕਾਰਨ ਮਾਨਸਿਕ ਤੌਰ ਤੇ ਵੀ ਪਰੇਸ਼ਾਨ ਹਾਂ ਅਤੇ ਡਿਊਟੀ ਜੁਆਇਨ ਕਰਨ ਤੋਂ ਅਸਮਰੱਥ ਹਾਂ ਜਦੋਂ ਵੀ ਮਾਨਸਿਕ ਤੌਰ ਤੇ ਫਿਟ ਹੋ ਜਾਵਾਂਗਾ ਤਾਂ ਡਿਊਟੀ ਜੁਆਇਨ ਕਰ ਲਵਾਂਗਾ। ਇਸ ਨੂੰ ਵਿਚਾਰਣ ਉਪਰੰਤ ਸੰਯੁਕਤ ਸਕੱਤਰ/ਪ੍ਰਸੋਨਲ (ਕੇਡਰ ਭਾਗ-2) ਪਟਿਆਲਾ ਦੁਆਰਾ ਦਫ਼ਤਰੀ ਪੱਤਰ ਨੰਬਰ 8649 ਮਿਤੀ 16-2-2017 ਤੁਹਾਨੂੰ (ਸ੍ਰੀ ਨਵਦੀਪ ਸਿੰਘ ਢੀਂਡਸਾ/ਜੇਈ ਆਈ.ਡੀ. ਨੰ:304020) ਜਾਰੀ ਕਰਦੇ ਹੋਏ ਲਿਖਿਆ ਗਿਆ ਕਿ " ਤੁਹਾਡੇ ਵਿਭਾਗੀ ਮੋਬਾਇਲ ਫੋਨ ਨੰਬਰ 96461-10190" ਤੇ ਗੱਲ ਕਰਨੀ ਚਾਹੀ ਤਾਂ ਉਹ ਬੰਦ ਦਾ ਸੰਦੇਸ਼ ਦੇ ਰਿਹਾ

ਹੈ। ਜਿਸ ਤੋਂ ਜਾਪਦਾ ਹੈ ਕਿ ਤੁਹਾਡੇ ਵੱਲੋਂ ਵਿਭਾਗ ਨਾਲ ਤਾਲ ਮੇਲ ਕਰਨ ਵਿੱਚ ਗੁਰੇਜ਼ ਕੀਤਾ ਜਾ ਰਿਹਾ ਹੈ। ਜੇਕਰ ਤੁਸੀਂ ਬਿਮਾਰ ਹੋ ਤਾਂ ਮੈਡੀਕਲ ਟਰੀਟਮੈਂਟ ਦਾ ਸਰਟੀਫਿਕੇਟ ਦਫ਼ਤਰ ਨੂੰ ਭੇਜੋ ਅਤੇ ਸੰਯੁਕਤ ਸਕੱਤਰ/ਪ੍ਰਸੋਨਲ (ਕੇਡਰ ਭਾਗ-2) ਦੇ ਵਿਭਾਗੀ ਮੋਬਾਇਲ ਨੰਬਰ 96461-18785 ਤੇ ਤੁਰੰਤ ਗੱਲਬਾਤ ਕਰੋ" ਪਰੰਤੂ ਤੁਹਾਡੇ ਵੱਲੋਂ ਅੱਜ ਤੱਕ ਕੋਈ ਗੱਲਬਾਤ ਨਹੀਂ ਕੀਤੀ ਗਈ। ਇਹ ਪੱਤਰ ਵੀ ਬਿਨ੍ਹਾਂ ਪ੍ਰਾਪਤੀ ਦੇ ਵਾਪਿਸ ਆ ਗਿਆ।

ਸੰਯੁਕਤ ਸਕੱਤਰ /ਪ੍ਰਸੋਨਲ (ਕੇਡਰ ਭਾਗ-2) ਪਟਿਆਲਾ ਦੁਆਰਾ ਦਫ਼ਤਰੀ ਰਜਿਸਟਰਡ ਪੱਤਰ ਨੰਬਰ 10605/10 ਮਿਤੀ 03-03-2017 The AFFRRO Departure/Arrival, In charge Foreigners Registration Office, (F&R Branch), East Block -VII, Level-2, Sector-1, R K Puram, New Delhi 110066 & Assistant Director/CFB, Intelligence Bureau (Ministry Home Affaris, Govt. Of India, New Delhi) ਨੂੰ ਭੇਜ਼ਦੇ ਹੋਏ ਤੁਹਾਡੇ (ਸ੍ਰੀ ਨਵਦੀਪ ਸਿੰਘ ਢੀਂਡਸਾਂ/ਜੇਈ ਆਈ.ਡੀ. ਨੰ:304020) ਪਾਸਪੋਰਟ ਨੰਬਰ ਜੀ-3988577 ਮਿਤੀ 18-07-2007 ਦੇ ਸਬੰਧ ਵਿੱਚ ਜਾਣਕਾਰੀ ਮੰਗੀ ਕਿ ਤੁਸੀਂ ਵਿਦੇਸ਼ ਗਏ ਹੋ ਜਾਂ ਨਹੀਂ। ਇਸ ਪੱਤਰ ਦਾ ਜਵਾਬ Intelligence Bureaue (Ministry of Home Affaris, Govt. Of India, ਦੇ ਦਫ਼ਤਰ ਦੇ Assistant Director/ CFB ਵੱਲੋਂ ਪੱਤਰ ਨੰਬਰ 4/CFB/2017 (14) -III- 904 New Delhi, the 15-3-2017 ਰਾਹੀਂ ਹੇਠ ਲਿਖੇ ਅਨੁਸਾਰ ਸੂਚਿਤ ਕੀਤਾ ਗਿਆ:-

1 Reference your letter No. nil date nil on the above subject, it is presumed that your query is for official purpose.

2.. According to our available Arrival/departure records from Jan. 2016 onwards arrival/departure of the said person has been traced, Printouts of arrival/ departure detail are enclosed.

ਉਪਰੋਕਤ ਪੱਤਰ ਨਾਲ ਭੇਜੇ Enclosure ਅਨੁਸਾਰ ਤੁਸੀਂ (ਸ੍ਰੀ ਨਵਦੀਪ ਸਿੰਘ ਢੀਂਡਸਾ/ਜੇਈ ਆਈ.ਡੀ. ਨੰ:304020) Flight No. 9W234 dated 06-12-2016 ਰਾਹੀਂ ਵਿਦੇਸ਼ ਚਲੇ ਗਏ ਜੋ ਕਿ ਉਪ ਸਕੱਤਰ ਪੀ.ਤੇ ਆਰ. ਰੈਗੂਲੇਸ਼ਨ ਭਾਗ ਪਟਿਆਲਾ ਦੇ ਸਰਕੂਲਰ ਨੰ:7/2016 ਮੀਮੋ ਨੰ:7793/8243/ਆਰ.ਈ.ਜੀ.-319/ਵਾ.1 ਮਿਤੀ 14-09-2016 ਅਨੁਸਾਰ ਅਧਿਕਾਰੀਆਂ/ਕਰਮਚਾਰੀਆਂ ਵੱਲੋਂ ਲਈ ਜਾਣ ਵਾਲੀ ਐਕਸ ਇੰਡੀਆ ਲੀਵ (ਵਿਦੇਸ਼ੀ ਛੁੱਟੀ) ਸਬੰਧੀ ਪਾਲਿਸੀ ਗਾਈਡਲਾਈਨਜ਼ ਦੀ ਉਲੰਘਣਾ ਹੈ। ਇਸ ਤੋਂ ਪਹਿਲਾਂ ਵੀ ਤੁਸੀਂ Flight No. AC-071 dated 03-07-2016 ਰਾਹੀਂ ਵਿਦੇਸ਼ ਗਏ ਅਤੇ Flight No. AC-070 dated 30-07-2016 ਰਾਹੀਂ ਵਾਪਿਸ ਆਏ। ਜਦੋਂ ਕਿ ਤੁਸੀਂ ਮਿਤੀ 1-7-16 ਤੋਂ 29-7-2016 ਸਮੇਤ ਅਗੇਤਰ 2,3,-7-2016 ਅਤੇ ਪਿਛੇਤਰ 30,31,2016 ਤੱਕ ਘਰੇਲੂ ਕੰਮ ਨਿਪਟਾਉਣ ਲਈ ਇਹ ਛੁੱਟੀ ਲਈ ਸੀ। ਇਸ ਤਰ੍ਹਾਂ ਤੁਸੀਂ (ਸ੍ਰੀ ਨਵਦੀਪ ਢੀਂਡਸਾ/ਜੇਈ) ਬਿਨ੍ਹਾਂ ਮਹਿਕਮੇ ਦੀ ਪ੍ਰਵਾਨਗੀ ਲਏ ਪਹਿਲਾਂ ਵਿਦੇਸ਼ ਗਏ ਸੀ ਅਤੇ ਵਿਦੇਸ਼ ਤੋਂ ਵਾਪਿਸ ਆ ਕੇ ਵੀ ਮਹਿਕਮੇ ਨੂੰ ਸੂਚਿਤ ਨਹੀਂ ਕੀਤਾ ਅਤੇ ਹੁਣ ਵੀ ਤੁਸੀਂ (ਸ੍ਰੀ ਨਵਦੀਪ ਢੀਂਡਸਾ/ਜੇਈ ਆਈ.ਡੀ. ਨੰ:304020) ਮਿਤੀ 05-12-2016 ਤੋਂ 16-12-2016 ਤੱਕ ਮੈਡੀਕਲ ਛੁੱਟੀ ਦਾ ਬਿਨੈ ਪੱਤਰ ਦਫ਼ਤਰ ਸੰਯੁਕਤ ਸਕੱਤਰ/ਪ੍ਰਸੋਨਲ (ਕੇਡਰ ਭਾਗ-2) ਪਟਿਆਲਾ ਵਿਖੇ ਭੇਜਿਆ ਅਤੇ ਫਿਰ ਛੁੱਟੀ ਵਿੱਚ ਵਾਧੇ ਲਈ ਦੋ ਪੱਤਰ ਭੇਜੇ। ਜਦੋਂ ਕਿ ਤੁਸੀਂ (ਸ੍ਰੀ ਨਵਦੀਪ ਢੀਂਡਸਾ ਜੇਈ ਆਈ.ਡੀ. ਨੰ:304020) ਹੁਣ ਵੀ ਬਿਨ੍ਹਾਂ ਉੱਚ ਅਧਿਕਾਰੀਆਂ ਨੂੰ ਸੂਚਿਤ ਕੀਤੇ, ਬਿਨ੍ਹਾਂ ਵਿਭਾਗੀ ਪ੍ਰਵਾਨਗੀ ਲਏ Flight No. 9W234 dated 06-12-2016 ਰਾਹੀਂ ਵਿਦੇਸ਼ ਚਲੇ ਗਏ ਹੋ।

ਇਸ ਤਰ੍ਹਾਂ ਤੁਸੀਂ (ਸ੍ਰੀ ਨਵਦੀਪ ਢੀਂਡਸਾ/ਜੇਈ ਆਈ.ਡੀ. ਨੰ:304020) ਮਹਿਕਮੇ ਨੂੰ ਅਤੇ ਆਪਣੇ ਉੱਚ ਅਧਿਕਾਰੀਆਂ ਨੂੰ ਵਾਰ ਵਾਰ ਆਪਣੀ ਬਿਮਾਰੀ ਬਾਰੇ ਗਲਤ ਸੂਚਨਾ ਦੇਣ, ਬਿਨ੍ਹਾਂ ਪ੍ਰਵਾਨਗੀ ਲਈ ਵਿਦੇਸ਼ ਜਾਣ ਲਈ ਜਿੱਥੇ ਪਾਵਰਕਾਮ ਦਾ ਅਨੁਸ਼ਾਸ਼ਨ ਭੰਗ ਕੀਤਾ ਹੈ ਉੱਥੇ ਉੱਚ ਅਧਿਕਾਰੀਆਂ ਅਤੇ ਮਹਿਕਮੇ ਨੂੰ ਧੋਖੇ ਵਿੱਚ ਰੱਖ ਕੇ ਵਿਭਾਗ ਦੇ ਅਤੇ ਉੱਚ ਅਧਿਕਾਰੀਆਂ ਦੇ ਹੁਕਮਾਂ ਦੀ ਵੀ ਘੋਰ ਉਲੰਘਣਾ ਕੀਤੀ ਹੈ। ਜਿਸ ਕਾਰਨ ਆਪ ਨੂੰ ਦੋਸ਼ ਸੂਚੀ ਨੰ:14 ਮਿਤੀ 06-06-2017 ਜਾਰੀ ਕੀਤੀ ਗਈ।

dn

ਜਿਵੇਂ ਕਿ (ਸ੍ਰੀ ਨਵਦੀਪ ਢੀਂਡਸਾ/ਜੇ.ਈ ਆਈ.ਡੀ. ਨੰ:304020) (ਡਿਊਟੀ ਤੋਂ ਗੈਰਹਾਜ਼ਰ) ਪੁੱਤਰ ਸ੍ਰੀ ਹਰਮਿੰਦਰ ਸਿੰਘ ਨੂੰ ਉਕਤ ਦੋਸ਼ ਸੂਚੀ ਬਾਰ ਬਾਰ ਪੱਕੇ ਪੱਤੇ ਤੇ ਮੀਮੋ ਨੰ. 5453 ਮਿਤੀ 20.6.2017 ਰਾਂਹੀ ਭੇਜੀ ਗਈ ਅਤੇ ਅੰਣਵੰਡੀ ਪ੍ਰਾਪਤ ਹੋਈ। ਜਿਸ ਉਪਰੰਤ ਕਰਮਚਾਰੀ ਨੂੰ ਆਪਣਾ ਪੱਖ ਰੱਖਣ ਲਈ ਅਖ਼ਬਾਰਾਂ ਵਿੱਚ-ਪਬਲਿਕ ਨੋਟਿਸ ਪ੍ਰਕਾਸ਼ਿਤ ਕਰਵਾਏ ਗਏ, ਪ੍ਰੰਤੂ ਤੁਹਾਡੇ ਵੱਲੋ ਕੋਈ ਜਵਾਬ ਨਹੀ ਪੇਸ਼ ਕੀਤਾ ਗਿਆ।

ਜਿਵੇ ਕਿ ਉਕਤ ਕੇਸ ਦੇ ਸਾਰੇ ਤੱਥਾ ਨੂੰ ਘੋਖਣ ਉਪਰੰਤ ਸਮੱਰਥ ਅਧਿਕਾਰੀ ਵੱਲੋ ਦੋਸ਼ਾ ਦੀ ਪੜਤਾਲ ਲਈ ਕੇਸ ਉਪ ਸਕੱਤਰ/ਈ.ਐਨ.ਜੀ-2,ਪਟਿਆਲਾ ਨੂੰ ਸੋਪਣ ਦੇ ਆਦੇਸ਼ ਦਿੱਤੇ ਜਿਸਦੀ ਪਾਲਣਾ ਵਿੱਚ ਇਹ ਕੇਸ ਦ/ਹੁ ਨੰ:393 ਮਿਤੀ: 06.09.17 ਅਨੁਸਾਰ ਉਪ ਸਕੱਤਰ/ਈਐਨਜੀ-2,ਪੀਐਸਪੀਸੀਐਲ,ਪਟਿਆਲਾ ਨੂੰ ਇੰਨਕੁਆਰੀ ਲਈ ਸੌਂਪਿਆ ਗਿਆ।

ਜਿਵੇਂ ਕਿ ਉਪ ਸਕੱਤਰ/ਈਐਨਜੀ-2,ਪਟਿਆਲਾ ਵੱਲੋ ਆਪਣੀ ਰਿਪੋਰਟ ਪੱਤਰ ਨੰ: 155 ਮਿਤੀ:15.02.18 ਰਾਹੀਂ ਪੇਸ਼ ਕਰਦੇ ਹੋਏ ਲਿਖਿਆ ਹੈ ਕਿ (ਸ੍ਰੀ ਨਵਦੀਪ ਢੀਂਡਸਾ/ਜੇ.ਈ ਆਈ.ਡੀ. ਨੰ:304020) ਨੂੰ ਜਾਰੀ ਹੋਈ ਦੋਸ਼ ਸੂਚੀ ਨੰਬਰ 14/ਈਐਨਜੀ/ਏ-16156 ਮਿਤੀ 06.06.2017 ਨੂੰ ਘੋਖਣ ਉਪਰੰਤ, ਉਸ ਵਿੱਚ ਦਰਜ਼ ਦੋਸ਼ਾਂ ਦੇ ਸਬੰਧ ਵਿੱਚ ਪ੍ਰੋਸੀਕਿਊਸ਼ਨ ਪੱਖ ਵੱਲੋਂ ਪੇਸ਼ ਕੀਤੇ ਗਏ ਦਸਤਾਵੇਜ਼ ਅਤੇ ਪ੍ਰੋਸੀਕਿਊਸ਼ਨ ਪੱਖ ਵੱਲੋਂ ਦੋਸ਼ ਸੂਚੀ ਵਿੱਚ ਦਰਜ਼ ਦੋਸ਼ਾਂ ਦੀ ਪਰੋੜਤਾ ਦੇ ਸਬੰਧ ਵਿੱਚ ਗਵਾਹਾਂ ਦੇ ਕਰਵਾਏ ਗਏ ਬਿਆਨਾਂ ਨੂੰ ਘੋਖਣ ਉਪਰੰਤ ਇਹ ਤੱਥ ਸਾਹਮਣੇ ਆਏ ਕਿ ਮੁਦਾਲੇ ਨੂੰ ਵਾਰ-ਵਾਰ ਰਜਿਸਟਰਡ ਪੱਤਰ ਲਿਖਣ, ਵਿਭਾਗੀ ਪੜਤਾਲ ਸਬੰਧੀ ਹਾਜ਼ਰ ਹੋਣ ਲਈ ਫਾਈਨਲ ਨੋਟਿਸ ਦੇਣ, ਪੰਜਾਬੀ ਅਤੇ ਅੰਗਰੇਜੀ ਦੇ ਅਖਬਾਰ ਵਿੱਚ ਵਿਭਾਗੀ ਇੰਨਕੁਆਰੀ ਸਬੰਧੀ ਹਾਜ਼ਰ ਹੋਣ ਲਈ ਪ੍ਰੈਸ ਨੋਟਿਸ ਛਪਵਾਉਣ ਦੇ ਬਾਵਜੂਦ ਵੀ ਮੁਦਾਲਾ (ਸ੍ਰੀ ਨਵਦੀਪ ਢੀਂਡਸਾ/ਜੇ.ਈ. ਆਈ.ਡੀ. ਨੰ:304020) ਇਸ ਦਫ਼ਤਰ ਵਿਖੇ ਦੋਸ ਸੂਚੀ ਦੀ ਵਿਭਾਗੀ ਪੜਤਾਲ ਸੰਬੰਧੀ ਆਪਣਾ ਪੱਖ ਪੇਸ਼ ਕਰਨ ਲਈ ਹਾਜ਼ਰ ਨਹੀਂ ਹੋਇਆ, ਜਿਸ ਤੋਂ ਸਪੱਸ਼ਟ ਹੈ ਕਿ ਮੁਦਾਲਾ (ਸ੍ਰੀ ਨਵਦੀਪ ਢੀਂਡਸਾ/ਜੇ.ਈ. ਆਈ.ਡੀ. ਨੰ:304020) ਆਪਣੇ ਬਚਾਓ ਪੱਖ ਵਿੱਚ ਕੁਝ ਵੀ ਨਹੀਂ ਕਹਿਣਾ ਚਾਹੁੰਦਾ ਤੇ ਦੋਸ ਸੂਚੀ ਵਿੱਚ ਆਪਣੇ ਉਪਰ ਲੱਗੇ ਦੋਸ਼ਾਂ ਨੂੰ ਮੰਨਦਾ ਹੈ। ਸਾਰੇ ਤੱਥਾਂ ਨੂੰ ਘੋਖਣ ਉਪਰੰਤ ਨਿਮਨ-ਹਸਤਾਖਰ ਇਸ ਸਿੱਟੇ ਤੇ ਪਹੁੰਚਦਾ ਹੈ ਕਿ ਮੁਦਾਲਾ (ਸ੍ਰੀ ਨਵਦੀਪ ਢੀਂਡਸਾ/ਜੇ.ਈ. ਆਈ.ਡੀ. ਨੰ:304020) ਦੋਸ ਸੂਚੀ ਵਿੱਚ ਲਗਾਏ ਦੋਸਾਂ ਲਈ ਜਿੰਮੇਵਾਰ ਹੈ।

ਜਿਵੇ ਕਿ ਸੰਯੁਕਤ ਸਕੱਤਰ/ਅਮਲਾ-1 ਦਫਤਰ ਵੱਲੋ ਉਕਤ ਪੜਤਾਲ ਰਿਪੋਰਟ ਦੀ ਕਾਪੀ (ਸ੍ਰੀ ਨਵਦੀਪ ਢੀਂਡਸਾ/ਜੇ.ਈ ਆਈ.ਡੀ. ਨੰ:304020) (ਡਿਊਟੀ ਤੋ ਗੈਰਹਾਜ਼ਰ) ਪੁੱਤਰ ਸ੍ਰੀ ਹਰਮਿੰਦਰ ਸਿੰਘ ਦੇ ਰਜਿਸਟਰਡ ਘਰ ਦੇ ਪਤੇ ਤੇ ਭੇਜਦੇ ਹੋਏ ਲਿਖਿਆ ਗਿਆ ਕਿ ਜੇਕਰ ਉਹ ਇਸ ਪੜਤਾਲ ਉਪਰ ਕੁਝ ਕਹਿਣਾ ਚਾਹੁੰਦਾ ਹੈ ਤਾਂ ਉਹ ਆਪਣੀ ਪ੍ਰਤੀ ਬੇਨਤੀ ਇਕ ਮਹੀਨੇ ਦੇ ਅੰਦਰ ਅੰਦਰ ਇਸ ਦਫਤਰ ਨੂੰ ਭੇਜੇ ਪ੍ਰੰਤੂ ਇਹ ਪੱਤਰ ਡਾਕ ਵਿਭਾਗ ਵੱਲੋ "ਵਾਰ ਵਾਰ ਜਾਣ ਤੇ ਮਿਲਾ ਨਹੀ,ਵਾਪਿਸ ਜਾਵੇ" ਲਿਖ ਕੇ ਵਾਪਿਸ ਪ੍ਰਾਪਤ ਹੋਇਆ। ਜਿਸ ਉਪਰੰਤ ਅਖਬਾਰਾਂ ਵਿੱਚ ਪਬਲਿਕ ਨੋਟਿਸ ਰਾਹੀਂ ਕਰਮਚਾਰੀ ਨੂੰ ਇੰਨਕੁਆਰੀ ਰਿਪੋਰਟ ਪ੍ਰਾਪਤ ਕਰਨ ਅਤੇ ਉਸ ਤੇ ਲਗੇ ਦੋਸ਼ਾ ਵਿਰੁੱਧ ਆਪਣਾ ਪੱਖ ਪੇਸ਼ ਕਰਨ ਲਈ ਕਿਹਾ/ਸੂਚਿਤ ਕੀਤਾ ਗਿਆ ਪ੍ਰੰਤੂ ਸ੍ਰੀ ਨਵਦੀਪ ਸਿੰਘ ਢੀਂਡਸਾ,ਜੇ.ਈ ਆਈ.ਡੀ. ਨੰ:304020 ਵੱਲੋ ਨਾ ਇੰਨਕੁਆਰੀ ਰਿਪੋਰਟ ਪ੍ਰਾਪਤ ਕੀਤੀ ਗਈ ਅਤੇ ਨਾ ਹੀ ਇਸ ਰਿਪੋਰਟ ਸਬੰਧੀ ਆਪਣਾ ਪੱਖ ਪੇਸ਼ ਕੀਤਾ ਗਿਆ।

ਜਿਵੇ ਕਿ ਉਪਰੋਕਤ ਤੱਥਾਂ ਦੇ ਅਧਾਰ ਤੇ ਇਹ ਸਾਫ਼ ਸਿੱਧ ਹੁੰਦਾ ਹੈ ਕਿ (ਸ੍ਰੀ ਨਵਦੀਪ ਢੀਂਡਸਾ,ਜੇ.ਈ ਆਈ.ਡੀ. ਨੰ:304020) ਪੁੱਤਰ ਸ੍ਰੀ ਹਰਮਿੰਦਰ ਸਿੰਘ ਮਿਤੀ 03.12.2016 ਤੋਂ ਬਾਅਦ ਗੈਰ ਹਾਜ਼ਰ ਚੱਲ ਰਿਹਾ, ਬਿਨ੍ਹਾਂ ਪ੍ਰਵਾਨਗੀ ਲਈ ਵਿਦੇਸ਼ ਜਾਣ ਅਤੇ ਜਾਣ ਬੁਝ ਕੇ ਮਹਿਕਮੇ ਨੂੰ ਗੁਮਰਾਹ ਕਰਨ ਲਈ ਜਿੰਮੇਵਾਰ ਹੈ। ਅਧਿਕਾਰੀ ਵੱਲੋ ਵਾਰ ਵਾਰ ਪੱਤਰ ਲਿਖਣ ਦੇ ਬਾਵਜੂਦ ਵੀ ਕਰਮਚਾਰੀ ਪੜਤਾਲ ਵਿੱਚ ਸ਼ਾਮਿਲ ਨਹੀ ਹੋਇਆ ਅਤੇ ਨਾ ਹੀ ਉਸ ਵੱਲੋ ਕੋਈ ਸੂਚਨਾ/ਪੱਤਰ ਵਿਹਾਰ ਕੀਤਾ ਗਿਆ। ਕਰਮਚਾਰੀ ਵਿਰੁੱਧ ਦੋਸ਼ ਸੂਚੀ ਵਿੱਚ ਲਗਾਏ ਗਏ ਦੋਸ਼ ਸਹੀ ਸਿੱਧ ਹੁੰਦੇ ਹਨ।

ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਿਟਿਡ ਵੱਲੋਂ ਸਾਰੀ ਵਿਭਾਗੀ (ਡਿਪਾਰਟਮੈਂਟਲ) ਕਾਰਵਾਈ ਕਰਨ ਉਪਰੰਤ ਮੇਰੇ ਕੋਲ ਕਰਮਚਾਰੀ ਨੂੰ ਬਰਤਰਫ ਕਰਨ (Removal from service) ਤੋਂ ਇਲਾਵਾ ਹੋਰ ਕੋਈ ਵਿਕਲਪ ਨਹੀਂ ਰਹਿ ਜਾਂਦਾ । ਇਸ ਲਈ ਮੈਂ ਮੁੱਖ ਇੰਜ:/ ਐਚ.ਆਰ.ਡੀ., ਪੀ.ਐਸ.ਪੀ.ਸੀ.ਐਲ., ਸਮਰੱਥ ਅਧਿਕਾਰੀ ਹੋਣ ਦੇ ਨਾਤੇ (ਇੰਜ: ਨਵਦੀਪ ਢੀਂਡਸਾ/ਜੇ.ਈ ਆਈ.ਡੀ. ਨੰ:304020) ਨੂੰ ਇਸ ਦਫ਼ਤਰੀ ਹੁਕਮ ਰਾਹੀਂ ਪੰਜਾਬ ਰਾਜ ਬਿਜਲੀ ਬੋਰਡ ਸਜ਼ਾ ਅਤੇ ਅਪੀਲ ਰੈਗੂਲੇਸ਼ਨ 1971 ਦੇ ਵਿਨਿਯਮ 5 ਜੋ ਕਿ ਉਪ ਵਿਨਿਯਮ 8 ਨਾਲ ਪੜਿਆ ਜਾਵੇ, ਅਧੀਨ ਤੱਤਕਾਲ ਪ੍ਰਭਾਵ ਤੋਂ ਸੇਵਾ ਤੋਂ ਬਰਤਰਫ (Removal from service) ਕਰਨ ਦੇ ਹੁਕਮ ਜਾਰੀ ਕਰਦਾ ਹਾਂ ਅਤੇ ਉਸ (ਇੰਜ: ਨਵਦੀਪ ਢੀਂਡਸਾ/ਜੇ.ਈ ਆਈ.ਡੀ. ਨੰ:304020) ਦੇ ਗੈਰ ਹਾਜ਼ਰੀ ਦੇ ਸਮੇਂ ਨੂੰ ਨਾਨ ਡਿਊਟੀ ਪੀਰੀਅਡ ਮੰਨਣ ਦਾ ਫੈਸਲਾ ਕਰਦਾ ਹਾਂ।

ਇਸ ਲਈ ਹੁਣ (ਇੰਜ: ਨਵਦੀਪ ਢੀਂਡਸਾ/ਜੇ.ਈ ਆਈ.ਡੀ. ਨੰ:304020) ਨੂੰ ਪਾਵਰ ਕਾਮ ਦੀਆਂ ਸੇਵਾਵਾਂ ਤੋਂ ਤੱਤਕਾਲ ਅਸਰ ਤੋਂ ਬਰਤਰਫ (Removal from service) ਕੀਤਾ ਜਾਂਦਾ ਹੈ ਅਤੇ ਉਸਦਾ ਗੈਰ ਹਾਜ਼ਰੀ ਸਮਾਂ ਨਾਨ ਡਿਊਟੀ ਕੀਤਾ ਜਾਂਦਾ ਹੈ।

<u>ਕਰਮਚਾਰੀ ਦੇ ਸੇਵਾ ਵੇਰਵੇ ਹੇਠ ਲਿਖੇ ਅਨੁਸਾਰ ਹਨ:-</u>

| | | | |
|---|---|---|---|
| 1. | ਕਰਮਚਾਰੀ ਦਾ ਨਾਂ ਅਤੇ ਅਹੁਦਾ | : | ਸ੍ਰੀ ਨਵਦੀਪ ਢੀਂਡਸਾ, ਆਈ.ਡੀ. ਨੰ:304020 |
| 2. | ਅਹੁੱਦਾ | : | ਜੇ.ਈ |
| 3. | ਪਿਤਾ ਦਾ ਨਾਂ | : | ਸ੍ਰੀ ਹਰਮਿੰਦਰ ਸਿੰਘ |
| 4. | ਜਨਮ ਮਿਤੀ | : | 07.07.87 |
| 5. | ਬੋਰਡ ਵਿੱਚ ਭਰਤੀ ਦੀ ਮਿਤੀ | : | 09.07.12 |
| 6. | ਘਰ ਦਾ ਪਤਾ | : | ਮਕਾਨ ਨੰ:8,ਵਾਰਡ ਨੰ:3 ਏ<br>ਨੇੜੇ ਵਿਸ਼ਕਰਮਾ ਮੰਦਿਰ,ਧੂਰੀ 148024 |

ਮੁੱਖ ਇੰਜ:/ ਐਚ.ਆਰ.ਡੀ.,
ਪੀਐਸਪੀਸੀਐਲ,ਪਟਿਆਲਾ

ਪਿੱਠ ਅੰਕਣ ਨੰ: 5176 | 5311 /ਈਐਨਜੀ-1/ਏ-16156 ਮਿਤੀ: 28-8-18

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ:-

1. ਡੀਜੀਪੀ/ਵੀ ਤੇ ਐਸ,ਪਟਿਆਲਾ ।
2. ਸਾਰੇ ਇੰਜੀ-ਇਨ-ਚੀਫ/ਜਨਰਲ ਮੈਨੇਜ਼ਰ/ਮੁੱਖ ਇੰਜੀਨੀਅਰ,ਪੀਐਸਪੀਸੀਐਲ ਅਤੇ ਪੀਐਸਟੀਸੀਐਲ ।
3. ਮੁੱਖ ਲੇਖਾ ਅਫਸਰ/ਮੁੱਖ ਕਾਸਟ ਕੰਟਰੋਲਰ ਵਿੱਤ/ਮੁੱਖ ਆਡੀਟਰ/ਮੁੱਖ ਕਾਸਟ ਕੰਟਰੋਲਰ ਤੇ ਰਿਡਕਸ਼ਨ ।
4. ਸਾਰੇ ਉਪ ਮੁੱਖ ਇੰਜੀਨੀਅਰ/ਨਿਗ:ਇੰਜੀਨੀਅਰ,ਪੀਐਸਪੀਸੀਐਲ ਅਤੇ ਪੀਐਸਟੀਸੀਐਲ ।
5. ਸਾਰੇ ਉਪ ਮੁੱਖ ਪੜਤਾਲਕਾਰ/ਉਪ ਮੁੱਖ ਲੇਖਾ ਅਫਸਰ ਅਤੇ ਲੇਖਾ ਅਫਸਰ ।
6. ਸਾਰੇ ਵਧੀਕ ਨਿਗ:ਇੰਜੀ:/ਸੀਨੀ.ਕਾ.ਕਾ.ਇੰਜੀਨੀਅਰ,ਪੀਐਸਪੀਸੀਐਲ ਅਤੇ ਪੀਐਸਟੀਸੀਐਲ ।
7. ਸਾਰੇ ਸੰਯੁਕਤ ਸਕੱਤਰ/ਉਪ ਸਕੱਤਰ/ਅਧੀਨ ਸਕੱਤਰ ਅਤੇ ਸਾਰੀਆਂ ਬਰਾਂਚਾ ਦੇ ਮੁੱਖੀ ਅਧੀਨ ਸਕੱਤਰੇਤ ਪ੍ਰਸ਼ਾਸ਼ਨ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਿਟਿਡ ।

੮. ਸੀਨੀ. ਨਿੱਜੀ ਸਕੱਤਰ ਟੂ ਸੀ.ਐਮ.ਡੀ,ਪੀਐਸਪੀਸੀਐਲ ਅਤੇ ਪੀਐਸਟੀਸੀਐਲ,ਪਟਿਆਲਾ।

੯. ਸੀਨੀ. ਨਿੱਜੀ ਸਕੱਤਰ ਟੂ ਡਾਇਰੈਕਟਰਜ਼,ਪੀਐਸਪੀਸੀਐਲ,ਪਟਿਆਲਾ ।

10. ਨਿੱਜੀ ਸਹਾਇਕ ਟੂ ਉਪ ਮੁੱਖ ਇੰਜੀ:/ਪ੍ਰਸੋਨਲ,ਪਟਿਆਲਾ ।

11. ਸ੍ਰੀ ਨਵਦੀਪ ਢੀਢਸਾ,ਜੇ.ਈ ਨੂੰ ਘਰ ਦੇ ਪਤੇ ਤੇ ।

ਸੰਯੁਕਤ [illegible]/ਆ.ਸ.,
ਪੀਐਸਪੀਸੀਐਲ,ਪਟਿਆਲਾ।